DEVELOPMENTAL DISABILITIES ADMINISTRATION (DDA)

# ਚਾਰ (4) ਸਾਲ ਦੀ ਉਮਰ ਦੀ ਯੋਗਤਾ ਸਮਾਪਤੀ ਬਾਰੇ ਨੋਟੀਫਿਕੇਸ਼ਨ

## Notification of Age Four (4) Eligibility Expiration

ਕਲਾਇੰਟ ਦਾ ਨਾਂ ਅਤੇ ਪਤਾ

ਨੁਮਾਇੰਦੇ ਦਾ ਨਾਂ ਅਤੇ ਪਤਾ

ਜਵਾਬ: **ਚਾਰ (4) ਸਾਲ ਦੀ ਉਮਰ ਦੀ ਯੋਗਤਾ ਸਮਾਪਤੀ ਬਾਰੇ ਨੋਟੀਫਿਕੇਸ਼ਨ**

ਤੁਹਾਡਾ ਬੱਚਾ ਇਸ ਵੇਲੇ ਵਿਕਾਸ ਸਬੰਧੀ ਅਪੰਗਤਾ ਬਾਰੇ ਪ੍ਰਸ਼ਾਸਨ (DDA) ਦਾ ਇੱਕ ਕਲਾਇੰਟ ਹੈ। ਉਹ, ਜਨਮ-ਤੋਂ-ਤਿੰਨ ਸਾਲ ਦੇ ਪ੍ਰੋਗਰਾਮ ਜਾਂ ਮੈਡੀਕਲ ਤੌਰ 'ਤੇ ਬੱਚਿਆਂ ਦੇ ਇੰਟੈਂਸਿਵ ਪ੍ਰੋਗਰਾਮ ਵਿਚ ਉਸਦਾ ਨਾਂ ਦਰਜ ਹੋਣ ਨਾਲ DDA ਲਈ ਯੋਗ ਬਣ ਸਕਦਾ/ਸਕਦੀ ਹੈ। DDA ਨਾਲ ਤੁਹਾਡੇ ਬੱਚੇ ਦੀ ਯੋਗਤਾ ਉਸਦੇ ਚੌਥੇ ਜਨਮ-ਦਿਨ 'ਤੇ ਖ਼ਤਮ ਹੋ ਜਾਂਦੀ ਹੈ। ਆਪਣੇ ਬੱਚੇ ਨੂੰ DDA ਲਈ ਯੋਗ ਬਣਾਏ ਰੱਖਣ ਲਈ, ਤੁਹਾਨੂੰ ਆਪਣੇ ਬੱਚੇ ਦੇ ਚਾਰ ਸਾਲ ਦਾ ਹੋਣ ਤੋਂ ਪਹਿਲਾਂ ਹੀ ਮੁੜ-ਅਪਲਾਈ ਕਰਨਾ ਚਾਹੀਦਾ ਹੈ। ਲੋੜੀਂਦੇ ਦਸਤਾਵੇਜ਼ਾਂ ਵਾਲੇ ਟੇਬਲ ਵਿਚ ਦਿੱਤੀਆਂ ਗਈਆਂ ਸ਼ਰਤਾਂ, ਜੋ ਕਿ ਨਾਲ ਨੱਥੀ ਹਨ, ਨਾਲ ਤੁਹਾਡੇ ਬੱਚੇ ਦੀ ਯੋਗਤਾ ਦਾ ਮੁੜ-ਨਿਰਣਾ ਕੀਤਾ ਜਾਣਾ ਚਾਹੀਦਾ ਹੈ।

**ਦੁਬਾਰਾ ਅਰਜ਼ੀ ਕਿਵੇਂ ਦਿਓ:**

ਮੁੜ-ਅਰਜ਼ੀ ਦੇਣ ਸਬੰਧੀ ਪੈਕੇਟ ਲਈ ਬੇਨਤੀ ਕਰਨ ਵਾਸਤੇ ਆਪਣੇ ਬੱਚੇ ਦੇ ਚੌਥੇ ਜਨਮ-ਦਿਨ ਤੋਂ ਘੱਟੋ-ਘੱਟ 90 ਦਿਨ ਪਹਿਲਾਂ DDA ਭਰਤੀ ਅਤੇ ਯੋਗਤਾ ਸਟਾਫ਼ ਨਾਲ ਸੰਪਰਕ ਕਰੋ। ਤੁਸੀਂ ਲਿਖਤ ਵਿਚ ਜਾਂ ਹੇਠਾਂ ਦਿੱਤੇ ਟੈਲੀਫੋਨ ਨੰਬਰ ਤੇ ਕਾੱਲ ਕਰਕੇ ਇੰਜ ਕਰ ਸਕਦੇ ਹੋ। ਅਰਜ਼ੀ ਦੇਣ ਸਬੰਧੀ ਪੈਕੇਟ ਤੁਹਾਨੂੰ ਡਾਕ ਰਾਹੀਂ ਭੇਜਿਆ ਜਾਏਗਾ। ਤੁਸੀਂ (website name) 'ਤੇ ਜਾਕੇ ਵੀ ਅਰਜ਼ੀ ਸਬੰਧੀ ਦਸਤਾਵੇਜ਼ ਔਨਲਾਈਨ ਹਾਸਿਲ ਕਰ ਸਕਦੇ ਹੋ https://www.dshs.wa.gov/dda/consumers-and-families/eligibility।

**ਜੇ ਮੈਂ ਦੁਬਾਰਾ ਅਰਜ਼ੀ ਨਾ ਦਿਆਂ, ਤਾਂ ਕੀ ਹੁੰਦਾ ਹੈ?**

ਜੇ ਤੁਸੀਂ ਮੁੜ-ਅਰਜ਼ੀ ਦੇਣ ਸਬੰਧੀ ਪੈਕੇਟ ਲਈ ਬੇਨਤੀ ਨਹੀਂ ਕਰਦੇ ਜਾਂ ਜੇ ਤੁਸੀਂ DDA ਨਾਲ ਆਪਣੇ ਬੱਚੇ ਦੀ ਯੋਗਤਾ ਲਈ ਘੱਟੋ-ਘੱਟ 60 ਦਿਨ ਪਹਿਲਾਂ ਅਰਜ਼ੀ ਵਾਪਸ ਨਹੀਂ ਭੇਜਦੇ, ਤਾਂ ਉਸਦੇ ਚੌਥੇ ਜਨਮ-ਦਿਨ 'ਤੇ ਯੋਗਤਾ ਖ਼ਤਮ ਹੋ ਜਾਏਗੀ। ਜੇ ਤੁਹਾਡੇ ਬੱਚੇ ਨੂੰ DDA ਨਾਲ ਭੁਗਤਾਨ ਵਾਲੀ ਸੇਵਾ ਮਿਲਦੀ ਹੈ, ਤਾਂ ਇਹ ਸੇਵਾ ਉਸਦੇ ਚੌਥੇ ਜਨਮ-ਦਿਨ 'ਤੇ ਖ਼ਤਮ ਹੋ ਜਾਏਗੀ।

**DDA ਯੋਗਤਾ ਦੀ ਸਮਾਪਤੀ ਨਾਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਵਿਚ ਹਿੱਸੇਦਾਰੀ ਜਾਂ SSI ਯੋਗਤਾ 'ਤੇ ਕੋਈ ਅਸਰ ਨਹੀਂ ਪਏਗਾ। ਨਾ ਹੀ ਇਸ ਨਾਲ ਕੋਈ ਹੋਰ DSHS ਸੇਵਾ, ਜਿਵੇਂ ਮੈਡਿਕਏਡ, TANF ਜਾਂ ਫ਼ੂਡ ਸਟੈਂਪਾਂ, ਜੋ ਤੁਹਾਨੂੰ ਮਿਲ ਰਹੀਆਂ ਹੋ ਸਕਦੀਆਂ ਹਨ, 'ਤੇ ਕੋਈ ਅਸਰ ਪਏਗਾ।**

ਕਿਰਪਾ ਕਰਕੇ ਜਿੰਨੀ ਛੇਤੀ ਸੰਭਵ ਹੋਵੇ, ਜਵਾਬ ਦਿਓ, ਪਰ ਆਪਣੇ ਬੱਚੇ ਦੇ ਚੌਥੇ ਜਨਮ-ਦਿਨ ਤੋਂ ਘੱਟੋ-ਘੱਟ 90 ਦਿਨ ਪਹਿਲਾਂ। ਜੇ ਸਾਨੂੰ ਤੁਹਾਡੇ ਤੋਂ ਕੋਈ ਜਵਾਬ ਨਹੀਂ ਮਿਲਿਆ, ਤਾਂ ਅਸੀਂ ਸਮਝਾਂਗੇ ਕਿ ਤੁਸੀਂ DDA ਨਾਲ ਆਪਣੇ ਬੱਚੇ ਦੀ ਯੋਗਤਾ ਜਾਰੀ ਨਹੀਂ ਰੱਖਣਾ ਚਾਹੁੰਦੇ। ਚਾਰ (4) ਸਾਲ ਦੀ ਉਮਰ ਤੱਕ ਯੋਗ ਸ਼ਰਤ ਦੇ ਢੁਕਵੇਂ ਦਸਤਾਵੇਜ਼ ਤੋਂ ਬਿਨਾ ਚੌਥੇ (4) ਜਨਮ-ਦਿਨ 'ਤੇ ਤੁਹਾਡੇ ਬੱਚੇ ਦੀ DDA ਯੋਗਤਾ ਅਤੇ ਉਸਦੇ ਚੌਥੇ (4ਥੇ) ਜਨਮ-ਦਿਨ 'ਤੇ DDA ਦੀਆਂ ਸੇਵਾਵਾਂ ਖ਼ਤਮ ਹੋ ਜਾਣਗੀਆਂ।

ਜੇ ਤੁਹਾਡੇ ਕੋਈ ਸੁਆਲ ਹਨ ਜਾਂ ਪੈਕੇਟ ਲਈ ਕਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ

| ਨਾਂ | ਟੈਲੀਫੋਨ ਨੰਬਰ | ਈਮੇਲ ਪਤਾ |
|---|---|---|
| | | |

ਸਟੇਟ ਦੇ ਨੇਮਾਂ ਨੂੰ ਚਲਾਉਣ ਸਬੰਧੀ ਯੋਗਤਾ ਦੀ ਕਾੱਪੀ ਬੇਨਤੀ 'ਤੇ ਜਾਂ (website name) 'ਤੇ ਔਨਲਾਈਨ ਉਪਲਬਧ ਹੈ https://www.dshs.wa.gov/dda/consumers-and-families/eligibility।

ਕਾੱਪੀ ਭੇਜੀ: ਕਲਾਇੰਟ ਦੀ ਫ਼ਾਈਲ

**ਲੋੜੀਂਦੇ ਦਸਤਾਵੇਜ਼ਾਂ ਵਾਲਾ ਟੇਬਲ**

| ਅਪੰਗਤਾ ਦੀ ਸਥਿਤੀ | ਉਮਰ | ਰੋਗ-ਨਿਦਾਨ | ਰੋਗ-ਨਿਦਾਨ ਕਰਨ ਵਾਲਾ | ਹੋਰ ਰਿਕਾੱਰਡ |
|---|---|---|---|---|
| ਵਿਕਾਸ ਸਬੰਧੀ ਦੇਰੀ | 4 ਤੋਂ 9 ਸਾਲ | ਵਿਕਾਸ ਸਬੰਧੀ ਦੇਰੀ | ਵਿਕਾਸ ਸਬੰਧੀ ਮੁਲਾਂਕਣ ਜਾਂ ਵਿਸ਼ਲੇਸ਼ਣ ਕਰਨ ਵਾਲਾ ਯੋਗਤਾਪ੍ਰਾਪਤ ਪੇਸ਼ੇਵਰ | 4 ਤੋਂ 9 ਸਾਲ – ਪਿਛਲੇ 12 ਮਹੀਨਿਆਂ ਦੇ ਅੰਦਰ ਮੌਜੂਦਾ ਮੁਲਾਂਕਣ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਉਮਰ ਦੇ -1.5 SD ਜਾਂ 25 % - ਦੀਆਂ ਵਿਕਾਸ ਦੀਆਂ ਤਿੰਨ ਜਾਂ ਵੱਧ ਅੜਿੱਕੇ। |
| ਮੈਡੀਕਲੀ ਇੰਟੈਂਸਿਵ | ਜਨਮ ਤੋਂ 17 ਸਾਲ | | | ਮੈਡੀਕਲੀ ਇੰਟੈਂਸਿਵ ਚਿਲਡ੍ਰਨ'ਸ ਪ੍ਰੋਗਰਾਮ ਲਈ ਯੋਗ। |
| ਬੌਧਿਕ ਅਪੰਗਤਾ | 4 ਸਾਲ ਅਤੇ ਵੱਧ | ਬੌਧਿਕ ਅਪੰਗਤਾ (ਜਿਸਨੂੰ ਪਹਿਲਾਂ ਮਾਨਸਿਕ ਕਮਜ਼ੋਰੀ ਕਿਹਾ ਜਾਂਦਾ ਸੀ) | ਲਾਇਸੈਂਸਸ਼ੁਦਾ ਮਨੋਚਿਕਿਤਸਕ, ਵਾਸ਼ਿੰਗਟਨ ਪ੍ਰਮਾਣਿਤ ਸਕੂਲ ਮਨੋਚਿਕਿਤਸਕ ਜਾਂ ਸਕੂਲ ਮਨੋਚਿਕਿਤਸਕਾਂ ਦੀ ਰਾਸ਼ਟਰੀ ਐਸੋਸੀਏਸ਼ਨ ਵਲੋਂ ਪ੍ਰਮਾਣਿਤ ਹੋਰ ਸਕੂਲੀ ਮਨੋਚਿਕਿਤਸਕ | ਪੂਰੀ ਮਨੋਵਿਗਿਆਨਕ ਰਿਪੋਰਟ, ਜਿਸ ਵਿਚ ਹੇਠਾਂ ਤੋਂ ਦੋ ਨਾਲੋਂ ਵੱਧ ਦੀ ਥਿੜਕਣ ਦੇ ਮਿਆਰੀ ਪੈਮਾਨੇ ਦਾ ਪੂਰਾ IQ ਸਕੋਰ ਅਤੇ ਹੇਠਾਂ ਤੋਂ ਦੋ ਨਾਲੋਂ ਵੱਧ ਦੀ ਥਿੜਕਣ ਦੀਆਂ ਮਿਆਰੀ ਗ੍ਰਹਿਣਸ਼ੀਲ ਮੁਹਾਰਤਾਂ ਦਾ ਟੈਸਟ ਸਕੋਰ ਸ਼ਾਮਿਲ ਹੈ। |
| ਦਿਮਾਗ਼ੀ ਅਧਰੰਗ | 4 ਸਾਲ ਅਤੇ ਵੱਧ | ਸੈਰੇਬਰਲ ਪਾਲਸੀ<br>ਕੁਆਡਰੀਪਲੇਜੀਆ<br>ਹੈਮੀਪਲੇਜੀਆ<br>ਡੀਪਲੇਜੀਆ | ਲਾਇਸੈਂਸਸ਼ੁਦਾ ਫਿਜ਼ੀਸ਼ੀਅਨ | 3 ਸਾਲ ਦੀ ਉਮਰ ਤੋਂ ਪਹਿਲਾਂ ਸ਼ੁਰੂ ਕਰਨਾ ਅਤੇ ਦੋ ਜਾਂ ਵੱਧ ਖੇਤਰਾਂ (ਟਾੱਇਲਟ ਕਰਾਉਣਾ, ਨਹਾਉਣਾ-ਧੁਆਉਣਾ, ਖੁਆਉਣਾ, ਕਪੜੇ ਪੁਆਉਣੇ, ਇਧਰ ਉਧਰ ਲਿਜਾਣਾ ਜਾਂ ਗੱਲਬਾਤ ਕਰਨਾ) ਵਿਚ ਰੋਜ਼ ਸਿੱਧੀ ਸਰੀਰਕ ਸਹਾਇਤਾ ਲਈ ਲੋੜੀਂਦੀ ਸਹਾਇਤਾ ਬਾਰੇ ਜਾਣਕਾਰੀ। |
| ਮਿਰਗੀ | 4 ਸਾਲ ਅਤੇ ਵੱਧ | ਮਿਰਗੀ ਜਾਂ ਦੌਰਾ<br>ਪੈਣ ਦਾ ਵਿਗਾੜ | ਬੋਰਡ ਤੋਂ ਪ੍ਰਮਾਣਿਤ ਤੰਤੂ-ਵਿਗਿਆਨੀ | ਮੈਡੀਕਲ ਇਤਿਹਾਸ ਅਤੇ ਤੰਤੂ-ਵਿਗਿਆਨਕ ਟੈਸਟਿੰਗ, ਬੇਕਾਬੂ ਜਾਂ ਵਾਰ ਵਾਰ ਪੈ ਰਹੇ ਦੌਰਿਆਂ ਬਾਰੇ ਫਿਜ਼ੀਸ਼ੀਅਨ ਜਾਂ ਤੰਤੂ-ਵਿਗਿਆਨੀ ਤੋਂ ਪੁਸ਼ਟੀ ਅਤੇ ਹੇਠਾਂ ਤੋਂ ਦੋ ਨਾਲੋਂ ਵੱਧ ਦੀ ਥਿੜਕਣ ਦੇ ਗ੍ਰਹਿਣਸ਼ੀਲ ਕਾਰਜ ਵਿਚ ਦਰਸਾਈਆਂ ਗਈਆਂ ਸੀਮਾਵਾਂ ਲਈ ਗ੍ਰਹਿਣਸ਼ੀਲ ਮੁਹਾਰਤੀ ਟੈਸਟ 'ਤੇ ਅਧਾਰਤ ਰੋਗ-ਨਿਦਾਨ। |
| ਔੱਟਿਜ਼ਮ<br>(DSM-IV ਅਨੁਸਾਰ) | 4 ਸਾਲ ਅਤੇ ਵੱਧ | ਔੱਟਿਜ਼ਮ ਜਾਂ ਔੱਟਿਸਟਿਕ ਵਿਗਾੜ DSM-IV-TR ਵਿਚ 299.00 ਅਨੁਸਾਰ | ਲਾਇਸੈਂਸਸ਼ੁਦਾ ਮਨੋਚਿਕਿਤਸਕ, ਔੱਟਿਜ਼ਮ ਜਾਂ ਵਿਕਾਸ ਸਬੰਧੀ ਸੈਂਟਰ ਨਾਲ ਜੁੜੀ ਐਡਵਾਂਸਡ ਰਜਿਸਟਰਡ ਨਰਸ (ARNP) ਜਾਂ ਬੋਰਡ ਤੋਂ ਪ੍ਰਮਾਣਿਤ: ਤੰਤੂ-ਵਿਗਿਆਨੀ, ਮਨੋਚਿਕਿਤਸਕ ਜਾਂ ਵਿਕਾਸ ਸਬੰਧੀ ਅਤੇ ਵਿਹਾਰ ਸਬੰਧੀ ਬੱਚਿਆਂ ਦਾ ਡਾੱਕਟਰ | ਰੋਗ-ਨਿਦਾਨ ਸਬੰਧੀ ਸਾਰੀ ਕਸੌਟੀ ਨੂੰ ਪੂਰਾ ਕਰਨ ਲਈ ਫ਼ੀ DSM-IV ਦਾ ਪੂਰਾ ਮੁਲਾਂਕਣ, ਸਮਾਜਕ, ਭਾਸ਼ਾ, ਸੰਚਾਰ ਮੁਹਾਰਤਾਂ ਜਾਂ ਸੰਕੇਤਕ ਜਾਂ ਕਾਲਪਨਿਕ ਖੇਡ ਵਿਚ 3 ਸਾਲ ਦੀ ਉਮਰ ਤੋਂ ਪਹਿਲਾਂ ਅੜਿੱਕਾ ਜਾਂ ਅਸਾਧਾਰਣ ਕਾਰਜ ਦਾ ਸਬੂਤ ਅਤੇ ਹੇਠਾਂ ਤੋਂ ਦੋ ਨਾਲੋਂ ਵੱਧ ਦੀ ਥਿੜਕਣ ਦੇ ਗ੍ਰਹਿਣਸ਼ੀਲ ਕਾਰਜ ਵਿਚ ਦਰਸਾਈਆਂ ਗਈਆਂ ਸੀਮਾਵਾਂ ਲਈ ਗ੍ਰਹਿਣਸ਼ੀਲ ਮੁਹਾਰਤੀ ਟੈਸਟ। |
| ਔੱਟਿਜ਼ਮ<br>ਸਪੈਕਟ੍ਰਮ ਵਿਗਾੜ<br>(DSM-V ਅਨੁਸਾਰ) | 4 ਸਾਲ ਅਤੇ ਵੱਧ | ਔੱਟਿਜ਼ਮ ਸਪੈਕਟ੍ਰਮ ਵਿਗਾੜ 299.00<br>DSM-5 ਅਨੁਸਾਰ, ਇਸ ਵਿਚ ਦੋਹਾਂ ਕਾੱਲਮਾਂ ਵਿਚ ਗੰਭੀਰ ਪੱਧਰ 2 ਜਾਂ 3 ਸ਼ਾਮਿਲ ਹਨ | ਲਾਇਸੈਂਸਸ਼ੁਦਾ ਮਨੋਚਿਕਿਤਸਕ, ਔੱਟਿਜ਼ਮ ਜਾਂ ਵਿਕਾਸ ਸਬੰਧੀ ਸੈਂਟਰ ਨਾਲ ਜੁੜੀ ਐਡਵਾਂਸਡ ਰਜਿਸਟਰਡ ਨਰਸ (ARNP) ਜਾਂ ਬੋਰਡ ਤੋਂ ਪ੍ਰਮਾਣਿਤ: ਤੰਤੂ-ਵਿਗਿਆਨੀ, ਮਨੋਚਿਕਿਤਸਕ ਜਾਂ ਵਿਕਾਸ ਸਬੰਧੀ ਅਤੇ ਵਿਹਾਰ ਸਬੰਧੀ ਬੱਚਿਆਂ ਦਾ ਡਾੱਕਟਰ | ਰੋਗ-ਨਿਦਾਨ ਸਬੰਧੀ ਸਾਰੀ ਕਸੌਟੀ ਨੂੰ ਪੂਰਾ ਕਰਨ ਲਈ ਫ਼ੀ DSM-V ਦਾ ਪੂਰਾ ਮੁਲਾਂਕਣ, ਸਮਾਜਕ, ਭਾਸ਼ਾ, ਸੰਚਾਰ ਮੁਹਾਰਤਾਂ ਜਾਂ ਸੰਕੇਤਕ ਜਾਂ ਕਾਲਪਨਿਕ ਖੇਡ ਵਿਚ 3 ਸਾਲ ਦੀ ਉਮਰ ਤੋਂ ਪਹਿਲਾਂ ਅੜਿੱਕਾ ਜਾਂ ਅਸਾਧਾਰਣ ਕਾਰਜ ਦਾ ਸਬੂਤ ਅਤੇ ਹੇਠਾਂ ਤੋਂ ਦੋ ਨਾਲੋਂ ਵੱਧ ਦੀ ਥਿੜਕਣ ਦੇ ਗ੍ਰਹਿਣਸ਼ੀਲ ਕਾਰਜ ਵਿਚ ਦਰਸਾਈਆਂ ਗਈਆਂ ਸੀਮਾਵਾਂ ਲਈ ਗ੍ਰਹਿਣਸ਼ੀਲ ਮੁਹਾਰਤੀ ਟੈਸਟ ਅਤੇ ਹੇਠਾਂ ਤੋਂ ਇੱਕ ਜਾਂ ਵੱਧ ਦੀ ਥਿੜਕਣ ਦੇ ਮਿਆਰ ਦਾ FSIQ – ਜਾਂ – ਔੱਟਿਸਟਿਕ ਵਿਕਾਰ 299.00 ਫ਼ੀ DSM-IV ਲਈ ਸਾਰੀ ਕਸੌਟੀ ਪੂਰੀ ਕਰਨਾ। |
| ਤੰਤੂ ਸਬੰਧੀ ਹੋਰ ਜਾਂ ਬੌਧਿਕ ਅਪੰਗਤਾ ਨਾਲ ਮਿਲਦੀ-ਜੁਲਦੀ ਹੋਰ ਸਥਿਤੀ | 4 ਸਾਲ ਅਤੇ ਵੱਧ | ਤੰਤੂ-ਵਿਗਿਆਨਕ ਜਾਂ ਕ੍ਰੋਮੋਸੋਮਲ ਵਿਗਾੜ, ਜਿਹਨਾਂ ਨੂੰ ਬੌਧਿਕ ਅਤੇ ਗ੍ਰਹਿਣਸ਼ੀਲ ਮੁਹਾਰਤਾਂ ਦੀ ਘਾਟ ਦਾ ਕਾਰਣ ਮੰਨਿਆ ਜਾਂਦਾ ਹੈ | ਲਾਇਸੈਂਸਸ਼ੁਦਾ ਫਿਜ਼ੀਸ਼ੀਅਨ | ਹੇਠਾਂ ਤੋਂ 1.5 ਤੋਂ ਵੱਧ ਦਾ ਮਿਆਰੀ ਥਿੜਕਣ ਦੇ ਪੂਰੇ ਪੈਮਾਨੇ ਦਾ IQ ਸਕੋਰ ਅਤੇ ਹੇਠਾਂ ਤੋਂ ਦੋ ਨਾਲੋਂ ਵੱਧ ਦੀ ਥਿੜਕਣ ਦੇ ਗ੍ਰਹਿਣਸ਼ੀਲ ਕਾਰਜ ਵਿਚ ਦਰਸਾਈਆਂ ਗਈਆਂ ਸੀਮਾਵਾਂ ਲਈ ਗ੍ਰਹਿਣਸ਼ੀਲ ਮੁਹਾਰਤੀ ਟੈਸਟ 'ਤੇ ਅਧਾਰਤ ਰੋਗ-ਨਿਦਾਨ। |
| **ਧਿਆਨ ਦਿਓ: ਇਹ ਫ਼ਾਰਮ ਸਿਰਫ਼ ਆਮ ਗਾਈਡ ਹੈ ਅਤੇ DDA ਨੂੰ ਵਾਧੂ ਜਾਣਕਾਰੀ ਜਾਂ ਮੁਲਾਂਕਣਾਂ ਦੀ ਲੋੜ ਪੈ ਸਕਦੀ ਹੈ। ਇਹ ਦਸਤਾਵੇਜ਼ੀਕਰਣ ਯੋਗਤਾ ਦਾ ਪਤਾ ਲਾਉਣ ਲਈ ਪਹਿਲਾ ਪੜਾਅ ਹੈ। DDA ਦੀ ਯੋਗਤਾ ਦਾ ਨਿਰਣਾ WAC ਚੈਪਟਰ 388-823 ਅਨੁਸਾਰ ਕੀਤਾ ਜਾਂਦਾ ਹੈ।** | | | | |